(8) (87)

ਬਾ ਅਦਾਲਤ (ਡਾ. ਜੀ. ਵਜਰਾਲਿੰਗਮ) ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ

ਕੇਸ ਨੰ. 26/2009

1. ਸ੍ਰੀ ਮੇਜਰ ਸਿੰਘ, ਫੀਲਡ ਅਫਸਰ (ਰਿਟਾਇਰਡ) ਕੋਡ ਨੰ. 1637 ਸਪੁੱਤਰ ਸ੍ਰੀ ਮੱਲ ਸਿੰਘ ਵਾਸੀ ਮਕਾਨ ਨੰ. 2050, ਸੰਤ ਨਗਰ ਅੰਮ੍ਰਿਤਸਰ ਰੋਡ, ਮੋਗਾ।

ਪਟੀਸ਼ਨਰਜ਼

ਬਨਾਮ

1. ਅਡੀਸ਼ਨਲ ਰਜਿਸਟਰਾਰ (ਆਈ) ਕੋਆਪ੍ਰੇਟਿਵ ਸੁਸਾਇਟੀਜ਼ ਪੰਜਾਬ, ਚੰਡੀਗੜ੍ਹ।
2. ਪੰਜਾਬ ਸਟੇਟ ਕੋਆਪ੍ਰੇਟਿਵ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ, ਚੰਡੀਗੜ੍ਹ ਰਾਹੀਂ ਜਿਲ੍ਹਾ ਮੈਨੇਜਰ, ਮਾਰਕਫੈੱਡ ਮੋਗਾ।
3. ਸ੍ਰੀ ਗੁਰਚਰਨ ਸਿੰਘ, ਫੀਲਡ ਅਫਸਰ, ਕੋਡ ਨੰ. 1745 ਮਾਰਫਤ ਬ੍ਰਾਂਚ ਅਫਸਰ, ਮਾਰਕਫੈੱਡ, ਅਜੀਤਵਾਲ, ਜਿਲ੍ਹਾ ਮੋਗਾ।

(ਉਤਰਵਾਦੀ)

A revision petition under Section 69 of the Punjab Cooperative Societies Act, 1961 for setting aside order dated 15.4.2009 passed by respondent no. 1 whereby he has illegally and arbitrarily rejected the objections regarding maintainability of the arbitration reference filed by the petitioner in violation of all well settled principles of law.

It is further prayed that during the pendency of the present revision petition further proceedings pending before respondent no. 1 may kindly be stayed.

ਹਾਜਰੀ :

1. ਜਗਦੀਪ ਬੈਂਸ ਵਕੀਲ ਪਟੀਸ਼ਨਰ।
2. ਕਰਮਿੰਦਰ ਸਿੰਘ ਵਕੀਲ ਉਤਰਵਾਦੀ।

ਹੁਕਮ :

ਇਹ ਪਟੀਸ਼ਨ ਵਧੀਕ ਰਜਿਸਟਰਾਰ ਸਹਿਕਾਰੀ ਸਭਾਵਾਂ (ਆਈ) ਵੱਲੋਂ ਮਿਤੀ 15.4.2009 ਨੂੰ ਪਾਸ ਕੀਤੇ ਅੰਤਿਮ ਹੁਕਮਾਂ ਦੇ ਵਿਰੁੱਧ ਦਾਇਰ ਕੀਤੀ ਗਈ। ਪਟੀਸ਼ਨਰ ਧਿਰ ਦੀਆਂ ਦਲੀਲਾਂ ਸੁਣਨ ਮਗਰੋਂ ਇਸ ਅਦਾਲਤ ਵਲੋਂ ਮਿਤੀ 21.7.2009 ਨੂੰ ਵਧੀਕ ਰਜਿਸਟਰਾਰ (ਆਈ) ਦੀ ਅਦਾਲਤ ਵੱਲੋਂ ਅੰਤਿਮ ਫੈਸਲਾ ਕਰਨ ਤੇ ਅਗਲੀ ਮਿਤੀ ਤੱਕ ਰੋਕ ਲਾਈ ਗਈ ਸੀ।

ਦੋਵੇ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਆਪਣਾ ਆਪਣਾ ਪੱਖ ਪੇਸ਼ ਕਰਨ ਦਾ ਪੂਰਾ ਪੂਰਾ ਮੌਕਾ ਦਿੱਤਾ ਗਿਆ। ਪੇਸ਼ ਕੀਤੀਆਂ ਦਲੀਲਾਂ ਅਤੇ ਮਿਸਲ ਨਾਲ ਪੇਸ਼ ਕੀਤੇ ਰਿਕਾਰਡ ਨੂੰ ਘੋਖਣ ਉਪਰੰਤ ਮੈਂ ਇਸ ਅਦਾਲਤ ਵਲੋਂ ਮਿਤੀ 21.7.2009 ਨੂੰ ਲਗਾਈ ਰੋਕ ਨੂੰ ਹਟਾਉਂਦੇ ਹੋਏ ਇਹ ਪਟੀਸ਼ਨ ਰੱਦ ਕਰਦਾ ਹਾਂ ਅਤੇ ਵਧੀਕ ਰਜਿਸਟਰਾਰ ਸਹਿਕਾਰੀ ਸਭਾਵਾਂ (ਆਈ) ਨੂੰ ਪਾਬੰਦ ਕੀਤਾ ਜਾਂਦਾ ਹੈ ਕਿ ਉਨ੍ਹਾਂ ਪਾਸ ਸੁਣਵਾਈ ਅਧੀਨ ਸਾਲਸੀ ਕੇਸ ਨੰ. 410 ਆਫ 2007 ਦਾ ਨਿਪਟਾਰਾ ਤੱਥਾਂ ਦੇ ਅਧਾਰ ਤੇ ਇਕ ਮਹੀਨੇ ਦੇ ਅੰਦਰ ਅੰਦਰ ਕੀਤਾ ਜਾਵੇ।

ਫੈਸਲਾ ਖੁਲ੍ਹੀ ਅਦਾਲਤ ਵਿੱਚ ਸੁਣਾ ਦਿੱਤਾ ਗਿਆ। ਮਿਸਲ ਰਿਕਾਰਡ ਰੂਮ ਵਿੱਚ ਭੇਜ ਦਿੱਤੀ ਜਾਵੇ।

ਮਿਤੀ : 17.11.2009

ਰਜਿਸਟਰਾਰ ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।